# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਬਾਰੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਸੰਚਾਰ ਅਥਾਰਿਟੀ

ਸੰਚਾਰ ਅਥਾਰਿਟੀ (Communications Authority – CA) ਇੱਕ ਸੁਤੰਤਰ ਕਾਨੂੰਨੀ ਸੰਸਥਾ ਹੈ ਜਿਸ ਨੂੰ ਕਮਿਊਨੀਕੇਸ਼ਨ ਅਥਾਰਿਟੀ ਆਰਡੀਨੈਂਸ (ਕੈਪ. 616) ਦੇ ਅਧੀਨ ਸਥਾਪਤ ਕੀਤਾ ਗਿਆ ਹੈ। ਇਹ ਹਾਂਗ-ਕਾਂਗ ਵਿੱਚ ਪ੍ਰਸਾਰਨ ਅਤੇ ਦੂਰਸੰਚਾਰ ਉਦਯੋਗਾਂ ਲਈ ਇੱਕ ਏਕੀਕ੍ਰਿਤ ਰੈਗੂਲੇਟਰੀ ਸੰਸਥਾ ਹੈ, ਜੋ ਦੂਰ-ਸੰਚਾਰ ਆਰਡੀਨੈਂਸ (ਕੈਪ. 106), ਪ੍ਰਸਾਰਨ ਆਰਡੀਨੈਂਸ (ਕੈਪ. 562) ਅਤੇ ਪ੍ਰਸਾਰਨ (ਫੁਟਕਲ ਪ੍ਰਾਵਧਾਨ) ਆਰਡੀਨੈਂਸ (ਕੈਪ. 391) ਸਮੇਤ ਸੰਬੰਧਿਤ ਕਾਨੂੰਨਾਂ ਨੂੰ ਲਾਗੂ ਕਰਦੀ ਹੈ।

| | |
|---|---|
| ਸੰਬੰਧਿਤ ਸੇਵਾਵਾਂ | • CA ਵੱਖ-ਵੱਖ ਵਿਦਿਅਕ ਅਤੇ ਪ੍ਰਚਾਰ ਪ੍ਰੋਗਰਾਮ ਸ਼ੁਰੂ ਕਰਨ ਦੇ ਰਾਹੀਂ ਲੋਕਾਂ ਨੂੰ ਖਪਤਕਾਰ ਜਾਣਕਾਰੀ/ਸੁਝਾਅ ਮੁਹੱਈਆ ਕਰ ਰਹੀ ਹੈ।<br><br>CA ਟੈਲੀਵਿਜ਼ਨ ਅਤੇ ਰੇਡੀਓ ਪ੍ਰੋਗਰਾਮਾਂ ਵਿਰੁੱਧ ਟੈਲੀਵਿਜ਼ਨ ਅਤੇ ਰੇਡੀਓ ਪ੍ਰੋਗਰਾਮ ਮਾਪਦੰਡਾਂ ਉੱਪਰ ਹੋਰ ਗੱਲਾਂ ਸਮੇਤ ਨਸਲੀ ਸਮਾਨਤਾ ਨਾਲ ਜੁੜੇ ਮੱਦਿਆਂ ਦੇ ਨਾਲ ਵਿਹਾਰ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਨਾਲ ਜੁੜੀਆਂ ਸ਼ਿਕਾਇਤਾਂ ‘ਤੇ ਨਿਗਰਾਨੀ ਰੱਖ ਰਿਹਾ ਹੈ। |
| ਮੌਜੂਦਾ ਉਪਾਅ | ਖਪਤਕਾਰ ਸਿੱਖਿਆ ਸੰਬੰਧੀ ਜਾਣਕਾਰੀ ਦਾ ਪ੍ਰਾਵਧਾਨ<br><br>• ਖਪਤਕਾਰ ਸਿੱਖਿਆ ਸੰਬੰਧੀ ਜਾਣਕਾਰੀ CA ਦੀ ਕਾਰਜਕਾਰੀ ਸ਼ਾਖਾ, ਸੰਚਾਰ ਅਥਾਰਿਟੀ ਦੇ ਦਫਤਰ (Office of the Communications Authority – OFCA) (www.ofca.gov.hk) ਦੀ ਵੈੱਬਸਾਈਟ ਤੇ ਹਾਂਗ-ਕਾਂਗ ਦੀਆਂ ਦੋ ਅਧਿਕਾਰਤ ਭਾਸ਼ਾਵਾਂ (ਅਰਥਾਤ ਚੀਨੀ ਅਤੇ ਅੰਗਰੇਜ਼ੀ) ਵਿੱਚ ਉਪਲਬਧ ਹੈ। ਇਸ ਤੋਂ ਇਲਾਵਾ, ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਪੁੱਛ-ਗਿਛ ਕਰਨ, ਸ਼ਿਕਾਇਤਾਂ ਦਰਜ ਕਰਨ ਜਾਂ CA ਜਾਂ OFCA |

ਤੋਂ ਸਹਾਇਤਾ ਦੀ ਮੰਗ ਕਰਨ ਲਈ ਸਮਰਪਿਤ ਇੱਕ ਵੈੱਬਪੇਜ OFCA ਦੀ ਵੈੱਬਸਾਈਟ ਤੇ ਅੱਠ ਭਾਸ਼ਾਵਾਂ, ਅਰਥਾਤ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਾਗਾਲੋਗ, ਥਾਈ, ਉਰਦੂ ਅਤੇ ਵੀਅਤਨਾਮੀ ਵਿੱਚ ਉਪਲਬਧ ਹੈ। ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ CA ਦੁਆਰਾ ਮੁਹੱਈਆ ਕੀਤੀ ਗਈ ਖਪਤਕਾਰ ਸਿੱਖਿਆ ਸੰਬੰਧੀ ਜਾਣਕਾਰੀ ਤੱਕ ਆਸਾਨ ਪਹੁੰਚ ਦੇਣ ਲਈ, ਇਹ ਵੈੱਬਪੇਜ ਟੀਵੀ ਘੋਸ਼ਣਾਵਾਂ ਦੀ ਸਮੱਗਰੀ ਅਤੇ ਸੰਚਾਰ ਸੇਵਾਵਾਂ ਦੀ ਸਮਾਰਟ ਵਰਤੋਂ ਬਾਰੇ ਖਪਤਕਾਰਾਂ ਲਈ ਸੁਝਾਆਂ ਬਾਰੇ ਇੱਕ ਕਿਤਾਬਚਾ ਵੀ ਉਪਰੋਕਤ ਭਾਸ਼ਾਵਾਂ ਵਿੱਚ ਉਪਲਬਧ ਕਰਵਾਉਂਦਾ ਹੈ।

ਟੈਲੀਵਿਜ਼ਨ ਅਤੇ ਰੇਡੀਓ ਪ੍ਰੋਗਰਾਮਾਂ ਵਿਰੁੱਧ ਸ਼ਿਕਾਇਤਾਂ ਦੀ ਨਿਗਰਾਨੀ

- CA ਨੇ ਟੈਲੀਵਿਜ਼ਨ ਅਤੇ ਰੇਡੀਓ ਪ੍ਰੋਗਰਾਮਾਂ ਦੇ ਮਿਆਰਾਂ ਤੇ ਵਿਹਾਰ ਦੇ ਨਿਯਮ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚ ਇਸ ਬਾਰੇ ਪ੍ਰਾਵਧਾਨ ਸ਼ਾਮਲ ਹਨ ਕਿ ਪ੍ਰਸਾਰਨ ਲਾਇਸੰਸਧਾਰਕ ਨੂੰ ਆਪਣੇ ਪ੍ਰੋਗਰਾਮਾਂ ਵਿੱਚ ਅਜਿਹੀ ਕੋਈ ਸਮੱਗਰੀ ਸ਼ਾਮਲ ਨਹੀਂ ਕਰਨੀ ਚਾਹੀਦੀ ਜਿਸਦੀ ਜਾਤੀ, ਰਾਸ਼ਟਰੀਅਤਾ, ਨਸਲ, ਲਿੰਗ, ਜਿਨਸੀ ਪਸੰਦ, ਧਰਮ, ਉਮਰ, ਸਮਾਜਕ ਰੁਤਬਾ, ਜਾਂ ਸਰੀਰਕ ਜਾਂ ਮਾਨਸਿਕ ਅਸਮਰਥਤਾ ਦੇ ਅਧਾਰ ਤੇ ਕਿਸੇ ਵੀ ਵਿਅਕਤੀ(ਆਂ) ਜਾਂ ਸਮੂਹ(ਸਮੂਹਾਂ) ਦੇ ਵਿਰੁੱਧ ਨਫ਼ਰਤ ਜਾਂ ਡਰ ਨੂੰ ਉਤਸ਼ਾਹਿਤ ਕਰਨ ਦੀ ਸੰਭਾਵਨਾ ਹੋਵੇ, ਅਤੇ/ਜਾਂ ਉਸ(ਉਹਨਾਂ) ਨੂੰ ਬਦਨਾਮ ਜਾਂ ਉਸ(ਉਹਨਾਂ) ਦਾ ਅਪਮਾਨ ਕਰਨ ਵਾਲੀ ਮੰਨਿਆ ਜਾਵੇ। ਜਨਤਾ ਦੇ ਲੋਕ ਵਿਹਾਰ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਲਈ ਪ੍ਰਸਾਰਨਕਰਤਾ ਦੇ ਵਿਰੁੱਧ CA ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਸ਼ਿਕਾਇਤ ਅੰਗਰੇਜ਼ੀ ਜਾਂ ਚੀਨੀ ਵਿੱਚ ਕੀਤੀ ਜਾ ਸਕਦੀ ਹੈ ਅਤੇ CA ਨੇ ਵੱਖ-ਵੱਖ ਨਸਲਾਂ ਦੇ ਲੋਕਾਂ ਦੀ ਸਹਾਇਤਾ ਕਰਨ ਲਈ ਦੁਭਾਸ਼ੀਆ ਸਹੂਲਤਾਂ ਉਪਲਬਧ ਕਰਵਾਈਆਂ ਹਨ। ਟੈਲੀਵਿਜ਼ਨ ਅਤੇ ਰੇਡੀਓ ਪ੍ਰੋਗਰਾਮਾਂ ਬਾਰੇ CA ਨੂੰ ਕੀਤੀਆਂ ਸਾਰੀਆਂ ਸ਼ਿਕਾਇਤਾਂ ਤੇ ਕਾਰਵਾਈ ਪ੍ਰਸਾਰਨ (ਵੱਖ-ਵੱਖ ਪ੍ਰਾਵਧਾਨ) ਆਰਡੀਨੈਂਸ (ਕੈਪ 391) ਦੇ ਅਨੁਸਾਰ ਸਥਾਪਿਤ

| | |
|---|---|
| | ਵਿਧੀ ਅਤੇ ਪ੍ਰਕਿਰਿਆਵਾਂ ਅਨੁਸਾਰ ਕੀਤੀ ਜਾਂਦੀ ਹੈ। ਜੇ ਕੋਈ ਠੋਸ ਮਾਮਲਾ ਪਾਇਆ ਜਾਂਦਾ ਹੈ, ਤਾਂ CA ਦੁਆਰਾ ਉਲੰਘਣਾ ਦੀ ਗੰਭੀਰਤਾ ਦੇ ਸੰਬੰਧ ਵਿੱਚ ਪ੍ਰਤਿਬੰਧ ਲਾਗੂ ਕੀਤੇ ਜਾਣਗੇ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਵੱਖ-ਵੱਖ ਨਸਲਾਂ ਦੇ ਲੋਕਾਂ ਦੀ ਖਪਤਕਾਰ ਸਿੱਖਿਆ ਅਤੇ ਖਪਤਕਾਰ ਸੰਬੰਧੀ ਜਾਣਕਾਰੀ ਤੱਕ ਬਰਾਬਰ ਪਹੁੰਚ ਨੂੰ ਉਤਸ਼ਾਹਿਤ ਕਰਨ ਲਈ, ਅਸੀਂ ਹੇਠਾਂ ਦਿੱਤੇ ਉਪਾਅ ਕਰਾਂਗੇ:<br>• ਸੰਬੰਧਿਤ ਵਿਦਿਅਕ ਜਾਣਕਾਰੀ ਨੂੰ ਵੱਖ-ਵੱਖ ਨਸਲਾਂ ਦੇ ਲੋਕਾਂ ਦੇ ਸਮਝਣ ਯੋਗ ਭਾਸ਼ਾ(ਵਾਂ) ਵਿੱਚ ਉਪਲਬਧ ਕਰਾਉਣ ਲਈ ਵਧੇਰੇ ਕੋਸ਼ਿਸ਼ ਕੀਤੀ ਜਾਏਗੀ।<br>• ਜਦੋਂ ਕਿਸੇ ਦੂਰਸੰਚਾਰ ਸੇਵਾ ਨੂੰ ਪ੍ਰਸਿੱਧੀ ਦੇ ਨਾਲ ਵੱਖ-ਵੱਖ ਨਸਲਾਂ ਦੇ ਲੋਕਾਂ ਸਮੇਤ ਆਮ ਲੋਕਾਂ ਦੁਆਰਾ ਵਰਤਿਆ ਜਾਂਦਾ ਹੈ, ਤਾਂ ਖਪਤਕਾਰ ਸਿੱਖਿਆ ਸੰਬੰਧੀ ਜਾਣਕਾਰੀ ਪ੍ਰਮੁੱਖ ਟੀਚਾ ਗਾਹਕ ਸਮੂਹ(ਸਮੂਹਾਂ) ਦੀ ਭਾਸ਼ਾ(ਵਾਂ) ਵਿੱਚ ਮੁਹੱਈਆ ਕੀਤੀ ਜਾਏਗੀ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • CA ਨੇ ਪ੍ਰਮੁੱਖ ਦੂਰਸੰਚਾਰ ਸੰਚਾਲਕਾਂ ਨਾਲ ਸੰਪਰਕ ਕੀਤਾ ਹੈ ਅਤੇ ਪਤਾ ਲੱਗਾ ਹੈ ਕਿ ਉਹ ਵੱਖ-ਵੱਖ ਨਸਲਾਂ ਦੇ ਲੋਕਾਂ ਦੀ ਦੂਰਸੰਚਾਰ ਸੇਵਾਵਾਂ ਤੱਕ ਪਹੁੰਚ ਵਿੱਚ ਸਮਾਨਤਾ ਨੂੰ ਵਧਾਉਣ ਲਈ ਕਈ ਉਪਾਅ ਅਪਣਾ ਰਹੇ ਹਨ।<br>• CA ਦੂਰਸੰਚਾਰ ਸੰਚਾਲਕਾਂ ਦੇ ਮੌਜੂਦਾ ਉਪਾਵਾਂ ਦੀ ਪ੍ਰਭਾਵਸ਼ੀਲਤਾ ਦੀ ਨਿਗਰਾਨੀ ਕਰਦੀ ਰਹੇਗੀ।<br>• ਜੇ ਜ਼ਰੂਰੀ ਹੋਵੇ, ਤਾਂ CA ਉਹਨਾਂ NGOs ਨਾਲ ਸੰਪਰਕ ਕਰੇਗੀ, ਜੋ ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਸਹਾਇਤਾ ਮੁਹੱਈਆ ਕਰ ਰਹੇ ਹਨ, ਤਾਂ ਜੋ ਦੂਰ ਸੰਚਾਰ ਅਤੇ ਪ੍ਰਸਾਰਨ ਸੇਵਾਵਾਂ ਬਾਰੇ ਗਾਹਕ ਜਾਣਕਾਰੀ ਨੂੰ ਵੱਖ-ਵੱਖ ਸਮੂਹਾਂ ਦੁਆਰਾ ਸਮਝਣ ਯੋਗ ਭਾਸ਼ਾ ਵਿੱਚ ਪ੍ਰਾਪਤ ਕਰਨ ਵਿੱਚ ਉਹਨਾਂ ਦੀਆਂ ਮੁਸ਼ਕਿਲਾਂ ਨੂੰ ਪਛਾਣਿਆ ਜਾ ਸਕੇ। |

- CA ਲਾਇਸੰਸਸ਼ੁਦਾ ਦੂਰਸੰਚਾਰ ਅਤੇ ਪ੍ਰਸਾਰਨ ਸੰਚਾਲਕਾਂ ਨੂੰ ਖਪਤਕਾਰਾਂ ਨਾਲ ਸੰਬੰਧਿਤ ਜਾਣਕਾਰੀ, ਜਿਵੇਂ ਕਿ ਇਕਰਾਰਨਾਮਾ, ਕੀਮਤ ਦੀ ਜਾਣਕਾਰੀ ਅਤੇ ਵਰਤੋਂਕਾਰ ਗਾਈਡ ਆਦਿ ਨੂੰ, ਜਦੋਂ ਵੀ ਜ਼ਰੂਰੀ ਹੋਵੇ, ਵੱਖ-ਵੱਖ ਸਮੂਹਾਂ ਦੁਆਰਾ ਸਮਝਣ ਯੋਗ ਭਾਸ਼ਾ ਵਿੱਚ ਮੁਹੱਈਆ ਕਰਵਾਉਣ ਲਈ ਉਤਸ਼ਾਹਿਤ ਕਰੇਗਾ।

- ਨਸਲੀ ਬਰਾਬਰੀ ਲਈ ਸਟਾਫ ਦੇ ਮੈਂਬਰਾਂ ਦੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਨੂੰ ਵਧਾਉਣ ਲਈ CA ਟ੍ਰੇਨਿੰਗ ਕੋਰਸ ਅਤੇ ਸੈਸ਼ਨਾਂ ਦਾ ਆਯੋਜਨ ਕਰੇਗਾ ਜਿਸ ਨਾਲ ਉਹ ਆਪਣਾ ਅਨੁਭਵ ਸਾਂਝਾ ਕਰ ਸਕਣ।

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਬਾਰੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛ-ਗਿਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਮਿਸ ਸਬੀਨਾ ਵੂ (Ms Sabina WU), ਅਸਿਸਟੈਂਟ ਪਬਲਿਕ ਅਫੇਅਰ ਮੈਨੇਜਰ 5, ਨਾਲ ਸੰਪਰਕ ਕਰੋ -



| | | |
|---|---|---|
| ਟੈਲੀਫੋਨ ਨੰਬਰ | : | 2961 6777 |
| ਫ਼ੈਕਸ ਨੰਬਰ | : | 2803 5110 |
| ਈਮੇਲ | : | webmaster@ofca.gov.hk |
| ਡਾਕ ਪਤਾ | : | 29/F, Wu Chung House, 213 Queens Road East, Wan Chai, Hong Kong |



**ਸੰਚਾਰ ਅਥਾਰਿਟੀ**

**ਮਈ 2023**